# ਲੈਸਟਰ
# ਫੈਮਲੀ
# ਕਾਁਨਟੈਕਟ
# ਸੈਂਟਰ

ਰਜਿਸਟ੍ਰਡ ਚੈਰਿਟੀ ਨੰ: 1074902

*—ਬੱਚਿਆਂ ਅਤੇ ਮਾਪਿਆਂ ਨੂੰ ਮਿਲਾਉਣਾ—*

-bringing children and parents together-

## ਸੈਂਟਰ ਵਿੱਚ ਜੀ ਆਇਆਂ ਨੂੰ

ਸਾਨੂੰ ਉਮੀਦ ਹੈ ਕਿ ਸ਼ਨਿਚਰਵਾਰ ਬਾਅਦ ਦੁਪਹਿਰ ਤੁਹਾਨੂੰ ਇਥੇ ਆਪਣੇ ਬੱਚਿਆਂ ਨਾਲ ਸਮਾਂ ਬਿਤਾ ਕਿ ਖੁਸ਼ੀ ਹੋਇਆ ਕਰੇਗੀ ।

ਸਾਡਾ ਵਿਸ਼ਵਾਸ਼ ਹੈ ਕਿ ਬੱਚਿਆਂ ਦਾ ਆਪਣੇ ਮਾਪਿਆਂ ਅਤੇ ਪਰਵਾਰਾਂ ਨਾਲ ਸੰਪਰਕ ਰੱਖਣਾ ਬਹੁਤ ਮਹੱਤਵ—ਪੂਰਣ ਹੈ ਅਤੇ ਜਦ ਤੱਕ ਤੁਸੀਂ ਇਕ ਵਧੇਰੇ ਅਨੁਕੂਲ ਥਾਂ ਦਾ ਪ੍ਰਬੰਧ ਨਹੀਂ ਕਰ ਲੈਂਦੇ ਅਸੀਂ ਤੁਹਾਨੂੰ ਇਕ ਨਿਰਪੱਖ ਥਾਂ ਦੀ ਪੇਸ਼ਕਸ਼ ਕਰਦੇ ਹਾਂ ।

ਇਹ ਸੈਂਟਰ ਹਰ ਸ਼ਨਿਚਰਵਾਰ ਬਾਅਦ ਦੁਪਹਿਰ 1.00 — 4.00 ਵਜੇ ਤੱਕ ਖੁਲ੍ਹਾ ਹੁੰਦਾ ਹੈ ਅਤੇ ਅਤੇ 3—4 ਵੋਲੰਟੀਅਰਜ਼ ਦਾ ਸਟਾਫ਼ ਉਥੇ ਹੁੰਦਾ ਹੈ । ਤੁਹਾਨੂੰ ਸੁਆਗਤ ਦਾ ਅਹਿਸਾਸ ਕਰਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ । ਸਿਰਫ਼ ਇਥੇ ਆਉਣ ਵਾਲੇ ਪਰਵਾਰ ਦੇ ਮੈਂਬਰਾਂ ਦੇ ਨਾਂ ਅਤੇ ਆਉਣ ਅਤੇ ਜਾਣ ਦਾ ਸਮਾਂ ਨੋਟ ਕੀਤਾ ਜਾਂਦਾ ਹੈ । ਕੋਈ ਵੀ ਹੋਰ ਰਿਕਾੱਡ ਜਾਂ ਵੇਰਵੇ ਦਰਜ ਨਹੀਂ ਕੀਤੇ ਜਾਂਦੇ ।

ਅਸੀਂ ਸਮਝਦੇ ਹਾਂ ਕਿ ਹੋ ਸਕਦਾ ਹੈ ਕਿ ਇਹ ਸੰਪਰਕ ਤੁਹਾਡੇ ਲਈ ਔਖਾ ਹੋਵੇ ਅਤੇ ਤੁਹਾਡੀਆਂ ਦੁੱਖਦਾਇਕ ਯਾਦਾਂ ਤਾਜ਼ਾ ਹੋ ਜਾਣ । ਪਰ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਆਪਣੇ ਬੱਚਿਆਂ ਦੀਆਂ ਲੋੜਾਂ ਮੁੱਖ ਰੱਖ ਕੇ ਇਸ ਸੈਂਟਰ ਵਿੱਚ ਉਹਨਾਂ ਦੀ ਆਪਣੇ ਸਮੇਂ ਦਾ ਪੂਰਾ ਪੂਰਾ ਫ਼ਾਇਦਾ ਉਠਾਉਣ ਵਿੱਚ ਮਦੱਦ ਕਰੋਗੇ

**ਆਖਰੀ ਵਾਰ 22/04/2008 ਨੂੰ ਅੱਪਡੇਟ ਕੀਤਾ ਗਿਆ ਸੀ**

**A-** ਲੈਸਟਰ ਰੇਲ ਸਟੇਸ਼ਨ **B-** ਲੈਸਟਰ ਪ੍ਰਿਜ਼ਨ **C-** ਫੈਨਵਿਕ **D-** ਲੈਸਟਰ ਟਾਇਗਰਜ਼ ਰੱਗਬੀ ਗਰਾਊਂਡ

## ਸੈਂਟਰ ਦੀ ਵਰਤੋਂ ਕਰਨੀ

ਸੈਂਟਰ ਦੀ ਵਰਤੋਂ ਕਰਨੀ ਬਹੁਤ ਸੌਖੀ ਹੈ । ਜੇਕਰ ਤੁਸੀਂ ਬੱਚਿਆਂ ਨੂੰ ਨਾਲ ਲੈ ਕੇ ਆਉਂਦੇ ਹੋ ਤਾਂ ਅਸੀਂ ਉਦੋਂ ਤੱਕ ਤੁਹਾਨੂੰ ਇੰਤਜ਼ਾਰ ਕਰਨ ਲਈ ਕਹਾਂਗੇ ਜਦ ਤੱਕ ਦੂਸਰਾ ਮਾਪਾ ਆ ਨਹੀਂ ਜਾਂਦਾ । ਜੇਕਰ ਤੁਸੀਂ ਸੈਂਟਰ ਵਿੱਚ ਠਹਿਰਨਾ ਚਾਹੋ ਤਾਂ ਸਾਨੂੰ ਤੁਹਾਡੇ ਅਜਿਹਾ ਕਰਨ ਵਿੱਚ ਖੁਸ਼ੀ ਹੋਵੇਗੀ ਅਤੇ ਅਸੀਂ ਤੁਹਾਡੇ ਲਈ ਇਕ ਵੱਖਰੇ ਕਮਰੇ ਦਾ ਪ੍ਰਬੰਧ ਕਰ ਦੇਵਾਂਗੇ । ਸਾਡੇ ਤਜ਼ਰਬੇ ਅਨੁਸਾਰ ਬੱਚਿਆਂ ਲਈ ਇਹ ਬੇਹਤਰ ਹੈ ਕਿ ਇਕ ਵਾਰ ਮੇਲ–ਮਿਲਾਪ ਹੋ ਜਾਣ ਤੇ ਬੱਚੇ ਮਿਲਣ ਆਏ ਮਾਪੇ ਨਾਲ ਇਕੱਲੇ ਸਮਾਂ ਬਿਤਾਉਣ ।

## ਉਥੇ ਕਰਨ ਲਈ ਕੀ ਕੀ ਹੈ?

ਸਾਡੇ ਕੋਲ ਬਹੁਤ ਸਾਰੇ ਖਿਡਾਉਣੇ ਅਤੇ ਖੇਡਾਂ, ਜਿਗਸਾੱਜ਼ ਅਤੇ ਕਿਤਾਬਾਂ ਹਨ ਜਿਹਨਾਂ ਵਿਚੋਂ ਤੁਸੀਂ ਚੋਣ ਕਰ ਸਕਦੇ ਹੋ । ਜੇਕਰ ਬੱਚੇ ਆਪਣੇ ਖਿਡਾਉਣੇ ਲਿਆਉਣੇ ਚਾਹੁੰਦੇ ਹਨ ਤਾਂ ਕਿਰਪਾ ਕਰਕੇ ਉਹਨਾਂ ਨੂੰ ਲਿਆਉਣ ਦਿਉ ।

## ਕੀ ਮੈਨੂੰ ਇਸ ਦਾ ਭੁਗਤਾਨ ਕਰਨਾ ਪਵੇਗਾ?

ਸੈਂਟਰ ਦੀ ਵਰਤੋਂ ਕਰਨ ਦਾ ਕੋਈ ਖਰਚਾ ਨਹੀਂ ਦੇਣਾ ਪੈਂਦਾ । ਅਸੀਂ ਇਕ ਟੱਕ ਸ਼ੱਪ ਚਲਾਉਂਦੇ ਹਾਂ ਜਿਸ ਵਿੱਚ ਕ੍ਰਿਪਸ, ਸਵੀਟਾਂ, ਡਰਿੰਕਸ ਅਤੇ ਬਿਸਕੁੱਟ ਵੇਚੇ ਜਾਂਦੇ ਹਨ ਜਿਹਨਾਂ ਲਈ ਅਸੀਂ ਤੁਹਾਡੇ ਤੋਂ ਥੋੜ੍ਹੇ ਕੁ ਪੈਸੇ ਜ਼ਰੂਰ ਮੰਗਦੇ ਹਾਂ । ਜੇਕਰ ਤੁਹਾਡੇ ਬੱਚੇ ਦੀਆਂ ਖੁਰਾਕ ਸਬੰਧੀ ਵਿਸ਼ੇਸ਼ ਲੋੜਾਂ ਹੋਣ ਤਾਂ ਕਿਰਪਾ ਕਰਕੇ ਸੈਂਟਰ ਵਿੱਚ ਪੈਕਡ ਲੰਚ ਲਿਆਉਣ ਤੋਂ ਨਾ ਝਿਜਕੋ ।

## ਅਸੀਂ ਕਿੰਨੀ ਵਾਰੀ ਆ ਸਕਦੇ ਹਾਂ?

ਅਸੀਂ ਹਰ ਸ਼ਨਿਚਰਵਾਰ ਖੁਲ੍ਹੇ ਹੁੰਦੇ ਹਾਂ, ਇਸ ਲਈ ਅਸਲ ਵਿੱਚ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਐਕਸ–ਪਾੱਟਨਰ ਨਾਲ ਕੀ ਪ੍ਰਬੰਧ ਕਰਦੇ ਹੋ – ਹੋ ਸਕਦਾ ਹੈ ਕਿ ਤੁਹਾਡਾ ਸੁਲਿਸਟਰ ਜਾਂ CAFCASS (ਕੇਏਐਫਕੇਏਐਸ) ਦਾ ਇਕ ਅਫ਼ਸਰ ਇਸ ਨਾਲ ਨਜਿੱਠਣ ਵਿੱਚ ਤੁਹਾਡੀ ਮਦੱਦ ਕਰ ਸਕਦਾ ਹੋਵੇ । ਸਾਨੂੰ ਅਫ਼ਸੋਸ ਹੈ ਕਿ ਅਸੀਂ ਤਦ ਤੱਕ ਪਰਵਾਰਾਂ ਨੂੰ ਮੰਨਜ਼ੂਰੀ ਨਹੀਂ ਦੇ ਸਕਦੇ ਜਦ ਤੱਕ ਇਕ ਰੇਫ਼ਰਲ ਫ਼ਾਰਮ ਤੇ ਦੋਹਵਾਂ ਮਾਪਿਆਂ ਦੁਆਰਾ ਸਹਿਮਤੀ ਨਾ ਦਿੱਤੀ ਗਈ ਹੋਵੇ ਅਤੇ ਕੁ–ਆਰਡੀਨੇਟਰ ਦੁਆਰਾ ਪ੍ਰਵਾਨਗੀ ਨਾ ਮਿਲ ਗਈ ਹੋਵੇ । ਕਿਉਂਕਿ ਸੈਂਟਰ ਵਿੱਚ ਥਾਂ ਦੀ ਪੇਸ਼ਕਸ਼ ਥੋੜ੍ਹੇ ਸਮੇਂ ਦੇ ਆਧਾਰ ਤੇ ਹੀ ਕੀਤੀ ਜਾ ਸਕਦੀ ਹੈ, ਇਸ ਲਈ ਅਸੀਂ ਮਾਪਿਆਂ ਨੂੰ ਇਸ ਬਾਰੇ ਵਿਚਾਰ ਕਰਨ ਲਈ ਪੁੱਛਦੇ ਹਾਂ ਕਿ ਹੋਰ ਕਿਹੜੀਆਂ ਥਾਵਾਂ ਹੋ ਸਕਦੀਆਂ ਹਨ ਜਿਥੇ ਮਿਲਿਆ ਜਾ ਸਕਦਾ ਹੈ । ਇਕ ਮਿਥੇ ਸਮੇਂ ਤੋਂ ਬਾਅਦ ਸੈਂਟਰ ਵਿੱਚ ਮਿਲਣ ਲਈ ਥਾਂ ਲਈ ਜ਼ਰੂਰਤ ਤੇ ਦੁਬਾਰਾ ਵਿਚਾਰ ਕੀਤੀ ਜਾਵੇਗੀ ।

## ਜੇਕਰ ਮੈਂ ਨਾ ਆ ਸਕਾਂ ਤਾਂ ਮੈਂ ਕੀ ਕਰਨਾ ਹੈ?

ਜੇਕਰ ਤੁਸੀਂ ਆਪਣੀਆਂ ਯੋਜਨਾਵਾਂ ਬਦਲਣੀਆਂ ਹੋਣ ਤਾਂ ਕਿਰਪਾ ਕਰਕੇ ਆਪਣੇ ਐਕਸ–ਪਾੱਟਨਰ ਨੂੰ ਪਹਿਲਾਂ ਹੀ ਦੱਸ ਦਿਉ, ਤਾਂ ਜੋ ਸ਼ਨੀਵਾਰ ਨੂੰ ਉਹ ਉਡੀਕ ਨਾ ਕਰਦੇ ਰਹਿਣ ਕਿਉਂਕਿ ਇਸ ਤਰ੍ਹਾਂ ਉਹਨਾਂ ਨੂੰ ਵਧੇਰੇ ਨਿਰਾਸ਼ਾ ਹੋਵੇਗੀ ।

ਜੇਕਰ ਤੁਹਾਡੇ ਲਈ ਉਹਨਾਂ ਨਾਲ ਪਹਿਲਾਂ ਹੀ ਸੰਪਰਕ ਕਰਨਾ ਸੰਭਵ ਨਾ ਹੋਵੇ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਸ਼ਨੀਵਾਰ ਨੂੰ ਸਾਹਮਣੇ ਸਫ਼ੇ ਤੇ ਲਿਖੇ ਮੋਬਾਇਲ ਨੰਬਰ ਤੇ ਫੋਨ ਕਰਕੇ ਸੈਂਟਰ ਨੂੰ ਦੱਸ ਦਿਉ।

## ਕੀ ਮੈਂ ਆਪਣੇ ਬੱਚੇ ਨੂੰ ਬਾਹਰ ਲਿਜਾ ਸਕਦਾ/ਦੀ ਹਾਂ?

ਇਹ ਤੁਹਾਡੇ ਮਿਲਣ ਦੇ ਨਿੱਜੀ ਪ੍ਰਬੰਧਾਂ ਤੇ ਨਿਰਭਰ ਕਰੇਗਾ । ਜੇਕਰ ਇਸ ਬਾਰੇ ਪਹਿਲਾਂ ਹੀ ਸਹਿਮਤੀ ਕਰ ਲਈ ਗਈ ਹੋਵੇ ਤਾਂ ਹੋ ਸਕਦਾ ਹੈ ਕਿ ਇਹ ਸੰਭਵ ਹੋਵੇ ।

## ਕੀ ਮੈਨੂੰ ਆਪਣੇ ਪਹਿਲੇ ਪਾੱਟਨਰ ਨੂੰ ਮਿਲਣਾ ਪੈਣਾ ਹੈ?

ਜੇਕਰ ਤੁਸੀਂ ਆਪਣੇ ਪਹਿਲੇ ਪਾੱਟਨਰ ਨੂੰ ਮਿਲਣਾ ਨਹੀਂ ਚਾਹੁੰਦੇ ਤਾਂ ਕਿਰਪਾ ਕਰਕੇ ਸਾਨੂੰ ਦੱਸ ਦਿਉ ਤਾਂ ਜੋ ਪ੍ਰਬੰਧ ਕੀਤੇ ਜਾ ਸਕਣ ।

## ਜੇਕਰ ਮੈਂ ਅੰਗ੍ਰੇਜ਼ੀ ਨਾ ਬੋਲਦਾ/ਦੀ ਹੋਵਾਂ?

ਜੇਕਰ ਕੁ–ਆਰਡੀਨੇਟਰ ਨੂੰ ਕਾਫ਼ੀ ਸਮਾਂ ਪਹਿਲਾਂ ਦੱਸ ਦਿੱਤਾ ਜਾਵੇ ਤਾਂ ਅਸੀਂ ਪ੍ਰਬੰਧ ਕਰ ਸਕਦੇ ਹਾਂ ਕਿ ਤੁਹਾਡੀ ਪਹਿਲੀ ਵਿਜ਼ਟ (ਮੁਲਾਕਾਤ) ਦੇ ਸਮੇਂ ਇਕ ਦੁਭਾਸ਼ੀਆ ਸੈਂਟਰ ਵਿੱਚ ਹੋਵੇ । ਸਾਨੂੰ ਅਫ਼ਸੋਸ ਹੈ ਕਿ ਅਸੀਂ ਤੁਹਾਡੀਆਂ ਉਸ ਤੋਂ ਬਾਅਦ ਵਾਲੀਆਂ ਵਿਜ਼ਟਸ ਤੇ ਦੁਭਾਸ਼ੀਏ ਦਾ ਪ੍ਰਬੰਧ ਨਹੀਂ ਕਰ ਸਕਦੇ, ਪਰ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਤੁਹਾਨੂੰ ਆਦਰ ਦਾ ਅਹਿਸਾਸ ਹੋਵੇ । ਇਹ ਲੀਫ਼ਲਿਟ ਪੰਜਾਬੀ ਉਰਦੂ, ਗੁਜਰਾਤੀ ਅਤੇ ਪੋਲਿਸ਼ ਵਿੱਚ ਵੀ ਉਪਲੱਬਧ ਹੈ।

## ਕੀ ਸੈਂਟਰ ਦੇ ਕੋਈ ਨਿਯਮ ਹਨ?

ਕੁਝ ਨਿਯਮ ਹਨ, ਅਸੀਂ ਤੁਹਾਡੇ ਤੋਂ ਮੰਗ ਕਰਦੇ ਹਾਂ ਕਿ ਤੁਸੀਂ ਸੈਂਟਰ ਵਿੱਚ ਸ਼ਰਾਬ ਨਾ ਲਿਆਉ, ਅਤੇ ਜੇਕਰ ਤੁਸੀਂ ਸ਼ਰਾਬ ਪੀਤੀ ਹੋਵੇ ਜਾਂ ਕਿਸੇ ਹੋਰ ਪਦਾਰਥ ਦੀ ਵਰਤੋਂ ਕੀਤੀ ਹੋਵੇ ਤਾਂ ਨਾ ਆਉ । ਸੈਂਟਰ ਵਿੱਚ ਸਿਗਰਟ–ਨੋਸ਼ੀ ਕਰਨ ਦੀ ਵੀ ਆਗਿਆ ਨਹੀਂ ਹੈ । ਬੱਚੇ ਸੈਂਟਰ ਵਿੱਚ ਇਕੱਲੇ ਨਹੀਂ ਛੱਡੇ ਜਾਣੇ ਚਾਹੀਦੇ ।

ਸਾਨੂੰ ਉਮੀਦ ਹੈ ਕਿ ਇਸ ਲੀਫ਼ਲਿਟ ਵਿੱਚ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਗਏ ਹੋਣਗੇ । ਜੇਕਰ ਤੁਹਾਨੂੰ ਮਿਲਣ ਵਾਲੀ ਸਰਵਿਸ ਦੇ ਕਿਸੇ ਵੀ ਪੱਖ ਤੋਂ ਤੁਸੀਂ ਖੁਸ਼ ਨਾ ਹੋਵੋ, ਜਾਂ ਤੁਸੀਂ ਸਲਾਹ ਦੇ ਸਕਦੇ ਹੋਵੋ ਕਿ ਕਿਹੜੇ ਤਰੀਕਿਆਂ ਨਾਲ ਸੈਂਟਰ ਨੂੰ ਬੇਹਤਰ ਬਣਾਇਆ ਜਾ ਸਕਦਾ ਹੈ ਤਾਂ ਸਾਡੇ ਕਿਸੇ ਵੋਲੰਟੀਅਰ ਨਾਲ ਗੱਲ ਕਰੋ ਜਾਂ ਕੁਆਰਡੀਨੇਟਰ ਨਾਲ ਸੰਪਰਕ ਕਰੋ ।

ਕਾੱਨਟੈਕਟ ਸੈਂਟਰ ਨਿਯਤ ਕੀਤੀਆਂ ਗਈਆਂ ਪਾਲਿਸੀਆਂ ਅਨੁਸਾਰ ਕੰਮ ਕਰਦਾ ਹੈ । ਇਹ ਪਾਲਿਸੀਆਂ ਸੈਂਟਰ ਵਿੱਚ ਬੇਨਤੀ ਕਰ ਕੇ ਜਾਂ ਕੁਆਰਡੀਨੇਟਰ ਨੂੰ ਐਪਲੀਕੇਸ਼ਨ ਦੇ ਕੇ ਦੇਖੀਆਂ ਜਾ ਸਕਦੀਆਂ ਹਨ ।

## ਸੰਪਰਕ ਕਰਨ ਲਈ ਫ਼ਾਇਦੇਮੰਦ ਜਾਣਕਾਰੀ:


The Co-ordinator, (ਚਿੱਠੀ–ਪੱਤਰ ਲਈ ਸਰਨਾਵਾਂ)
Leicester Family Contact Centre,
PO Box 7150,
Leicester
LE3 0YY

Leicester Family Contact Centre, (ਸਿਰਫ਼ ਸਥਾਨ)
Holy Trinity Church,
Regent Road,
Leicester
LE1 6XE ਮੋਬਾਇਲ ਸਿਰਫ਼ (ਸ਼ਨੀਵਾਰ ਬਾਅਦ ਦੁਪਹਿਰ 1–4 ਵਜੇ) ਵਰਤੋਂ ਲਈ 07814 801 413


**ਵੈਬਸਾਇਟ: www. freewebs.com/leicesterfamilycc**